ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ
ਡਾਇਰੀ ਨੰ: 389 ਮਿਤੀ 26/4/21

41CR/CB-5(MC)
26/3/2021

ਵੱਲੋਂ

ਡਾਇਰੈਕਟਰ,
ਬਿਉਰੋ ਆਫ ਇੰਨਵੈਸਟੀਗੇਸ਼ਨ,
ਪੰਜਾਬ, ਚੰਡੀਗੜ੍ਹ।

ਵੱਲ

1) ਸਮੂਹ ਕਮਿਸਨਰ ਆਫ ਪੁਲਿਸ, ਪੰਜਾਬ।
2) ਸਮੂਹ ਸੀਨੀਅਰ ਕਪਤਾਨ ਪੁਲਿਸ, ਪੰਜਾਬ।

ਨੰ: /ਕਰਾਇਮ/ਸੀ.ਬੀ.-5 (ਐਮ.ਸੀ) ਮਿਤੀ:

ਵਿਸ਼ਾ: The Problems To Be Discussed with The D.G.P. Punjab being faced by The Minority Communities **regarding Atrocities committed on Minorities.**

ਯਾਦ ਪੱਤਰ

ਹਵਾਲਾ ਵਿਸਾ ਉਕਤ ਦੇ ਸਬੰਧ ਵਿਚ।

2. ਮਾਨਯੋਗ ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ, ਐਸ.ਏ.ਐਸ. ਨਗਰ ਵੱਲੋਂ ਮਾਨਯੋਗ ਡੀ.ਜੀ.ਪੀ., ਪੰਜਾਬ, ਚੰਡੀਗੜ੍ਹ ਜੀ ਨਾਲ ਹੋਈ ਗੱਲ-ਬਾਤ ਦੌਰਾਨ ਜਿਕਰ ਕੀਤਾ ਗਿਆ ਕਿ ਘੱਟ ਗਿਣਤੀਆਂ ਭਾਈਚਾਰੇ ਦੇ ਲੋਕਾਂ ਨੂੰ ਹਰਾਸ ਕਰਨ ਅਤੇ ਉਨ੍ਹਾਂ ਤੇ ਅੱਤਿਆਚਾਰ ਹੋਣ ਸਬੰਧੀ ਸਿਕਾਇਤਾਂ ਕਮਿਸ਼ਨ ਦਫ਼ਤਰ ਵਿਖੇ ਪ੍ਰਾਪਤ ਹੋਣ ਉਪਰੰਤ ਆਪ ਦੇ ਜਿਲ੍ਹੇ ਨਾਲ ਸਬੰਧਤ ਦਰਖਾਸਤਾਂ ਅਗਲੇਰੀ ਕਾਰਵਾਈ ਹਿੱਤ ਭੇਜੀਆਂ ਜਾਂਦੀਆਂ ਸਨ, ਇਹਨਾਂ ਦਰਖਾਸਤਾਂ ਤੇ ਆਪ ਦੇ ਜਿਲ੍ਹੇ ਵੱਲੋ ਸਹੀ ਤਰੀਕੇ ਨਾਲ ਸੁਣਵਾਈ ਨਹੀ ਕੀਤੀ ਜਾਂਦੀ ਅਤੇ ਬਹੁਤ ਹੀ ਹੋਲੀ ਹੋਲੀ ਕਾਰਵਾਈ ਕੀਤੀ ਜਾਂਦੀ ਹੈ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਣ ਵਾਲੇ ਜੀ.ਓਜ. ਅਤੇ ਥਾਣਿਆਂ ਦੇ ਮੁੱਖੀਆਂ ਨੂੰ ਹਦਾਇਤਾਂ ਕੀਤੀਆਂ ਜਾਣ ਕਿ ਉਹ ਘੱਟ ਗਿਣਤੀਆਂ ਦੇ ਲੋਕਾਂ ਦੀਆਂ ਮਾਨਯੋਗ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ, ਐਸ.ਏ.ਐਸ. ਨਗਰ ਵੱਲੋ ਭੇਜੀਆਂ ਜਾਂਦੀਆਂ ਸਿਕਾਇਤਾਂ ਤੇ ਕਾਰਵਾਈ ਸਹੀ ਤਰੀਕੇ ਨਾਲ ਕਰਕੇ / ਪੜ੍ਹਤਾਲ ਤੇਜੀ ਨਾਲ ਕਰਕੇ ਆਪਣੀ ਰਿਪੋਰਟ ਨਿਰਧਾਰਤ ਸਮੇਂ ਦੇ ਅੰਦਰ ਅੰਦਰ ਕਮਿਸ਼ਨ ਨੂੰ ਭੇਜੀ ਜਾਇਆ ਕਰੇ।

ਇਹਨਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਵਾ:ਡਾਇਰੈਕਟਰ,
ਬਿਉਰੋ ਆਫ ਇੰਨਵੈਸਟੀਗੇਸ਼ਨ,
ਪੰਜਾਬ, ਚੰਡੀਗੜ੍ਹ।

ਨੰ: 1138 /ਕਰਾਇਮ/ਸੀ.ਬੀ.-5(ਐਮ.ਸੀ), ਮਿਤੀ: 23/04/2021

ਉਪਰੋਕਤ ਦਾ ਉਤਾਰਾ ਮਾਨਯੋਗ ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ, ਟਾਵਰ ਨੰ: 04, ਚੌਥੀ ਮੰਜਿਲ, ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਾ:ਡਾਇਰੈਕਟਰ,
ਬਿਉਰੋ ਆਫ ਇੰਨਵੈਸਟੀਗੇਸ਼ਨ,
ਪੰਜਾਬ, ਚੰਡੀਗੜ੍ਹ।

23/4/2021